# 2021

# PUNJABI LITERATURE

# ਪੰਜਾਬੀ ਭਾਸ਼ਾ

Time : 3 hours ] [ Maximum Marks : 200

ਸਮਾਂ : 3 ਘੰਟੇ ਅਧਿਕਤਮ ਅੰਕ : 200

**Instructions (ਨਿਰਦੇਸ਼ ) :**

*(i)* This paper is divided into *two* Sections, Section—A and Section—B.

ਇਸ ਪੇਪਰ ਨੂੰ ਦੋ ਭਾਗਾਂ ਵਿੱਚ ਵੰਡਿਆ ਗਿਆ ਹੈ, ਭਾਗ—A ਅਤੇ ਭਾਗ—B.

*(ii)* Each Section contains **eight** questions.

ਹਰੇਕ ਭਾਗ ਵਿੱਚ **ਅੱਠ** ਪ੍ਰਸ਼ਨ ਹਨ।

*(iii)* A candidate has to attempt **twelve** questions.

ਇੱਕ ਪ੍ਰੀਖਿਆਰਥੀ ਨੂੰ **ਬਾਰਾਂ** ਪ੍ਰਸ਼ਨਾਂ ਦੀ ਕੋਸ਼ਿਸ਼ ਕਰਨੀ ਪੈਂਦੀ ਹੈ।

*(iv)* Question Nos. **1** and **9** are compulsory and out of the remaining, *any* **ten** are to be attempted choosing **five** from each Section.

ਪ੍ਰਸ਼ਨ ਨੰ. **1** ਅਤੇ **9** ਲਾਜ਼ਮੀ ਹਨ ਅਤੇ ਬਾਕੀ ਬਚੇ ਹੋਏ 'ਚੋਂ **ਦਸ** ਦੀ ਕੋਸ਼ਿਸ਼ ਕਰਨੀ ਹੈ, ਹਰ ਭਾਗ ਵਿੱਚੋਂ ਪੰਜਚੁਨਣੇ ਹਨ।

*(v)* Question Nos. **1** and **9** should consist of *five* parts each. Each part will be of **6** marks. Word limit will be *150* (in relevant subjects only).

ਪ੍ਰਸ਼ਨ ਨੰ. **1** ਅਤੇ **9** ਹਰੇਕ ਵਿੱਚ ਪੰਜ ਭਾਗ ਹੋਣੇ ਚਾਹੀਦੇ ਹਨ। ਹਰੇਕ ਭਾਗ **6** ਅੰਕਾਂ ਦਾ ਹੋਵੇਗਾ। ਸ਼ਬਦ ਸੀਮਾ *150* ਹੋਵੇਗੀ (ਸਿਰਫ਼ ਸੰਬੰਧਿਤ ਵਿਸ਼ਿਆਂ ਵਿੱਚ)।

*(vi)* Remaining questions will be of **14** marks each.

ਬਾਕੀ ਪ੍ਰਸ਼ਨ **14** ਅੰਕਾਂ ਦੇ ਹੋਣਗੇ।

## SECTION—A
## ਭਾਗ—A

1. ਹੇਠ ਲਿਖੇ ਸੁਆਲਾਂ ਦੇ ਜੁਆਬ ਦਿਉ : 6×5=30

   *(a)* 'ਤਤਸਮ' ਅਤੇ 'ਤਦਭਵ' ਸ਼ਬਦਾਂ ਵਿਚਲਾ ਬੁਨਿਆਦੀ ਅੰਤਰ ਸਪੱਸ਼ਟ ਕਰੋ।

   *(b)* ਭਾਸ਼ਾ ਵਿਗਿਆਨਕ ਤੌਰ 'ਤੇ, ਗੁਰਮੁਖੀ ਲਿਪੀ ਨੂੰ, ਪੰਜਾਬੀ ਭਾਸ਼ਾ ਲਈ ਸਭ ਤੋਂ ਵੱਧ ਢੁਕਵੀਂ ਲਿਪੀ ਕਿਉਂ ਮੰਨਿਆ ਗਿਆ ਹੈ?

   *(c)* ਨਾਥ-ਜੋਗੀ ਸਾਹਿਤ ਦੇ, ਕਲਾਸਕੀ ਪਿਛੋਕੜ ਬਾਰੇ ਚਰਚਾ ਕਰੋ।

   *(d)* ਪੰਜਾਬੀ ਲੋਕ-ਗੀਤਾਂ ਦੀਆਂ ਵਿਸ਼ੇਸ਼ਤਾਵਾਂ ਬਿਆਨ ਕਰੋ।

   *(e)* ਪੰਜਾਬੀ ਸਾਹਿਤ ਉਪਰ ਪਏ, ਪੱਛਮੀ ਪ੍ਰਭਾਵਾਂ ਨਾਲ ਜਾਣ-ਪਛਾਣ ਕਰਾਉ।

2. ਪੰਜਾਬੀ ਭਾਸ਼ਾ ਦੇ ਨਿਕਾਸ ਅਤੇ ਇਸ ਦੇ ਮੂਲ ਵਿਕਾਸ-ਪੜਾਵਾਂ ਨਾਲ ਜਾਣ-ਪਛਾਣ ਕਰਾਉ। 14

3. ਪੰਜਾਬੀ ਭਾਸ਼ਾ ਦੀ 'ਵਾਕ-ਬਣਤਰ' ਦੇ ਨਿਯਮਾਂ ਨੂੰ ਚਰਚਾ ਦਾ ਵਿਸ਼ਾ ਬਣਾਉ। 14

4. ਪੰਜਾਬੀ ਭਾਸ਼ਾ ਦੀਆਂ ਪ੍ਰਮੁੱਖ 'ਉਪ-ਭਾਸ਼ਾਵਾਂ' ਕਿਹੜੀਆਂ ਹਨ? ਉਹਨਾਂ ਦੀਆਂ ਵਿਸ਼ੇਸ਼ਤਾਵਾਂ ਬਿਆਨ ਕਰੋ। 14

5. ਪੰਜਾਬੀ ਦੀ ਨਵ-ਰਹੱਸਵਾਦੀ ਕਾਵਿ-ਪ੍ਰਵਿਰਤੀ ਦੇ ਪ੍ਰਮੁੱਖ ਲੱਛਣਾਂ ਨੂੰ, ਚਰਚਾ ਦਾ ਵਿਸ਼ਾ ਬਣਾਉ। 14

6. ਬਲਵੰਤ ਗਾਰਗੀ ਦੀ ਨਾਟ-ਕਲਾ ਦੀਆਂ ਵਿਸ਼ੇਸ਼ਤਾਈਆਂ ਬਿਆਨ ਕਰੋ। 14

7. "ਭਾਈ ਵੀਰ ਸਿੰਘ ਦੇ ਨਾਵਲਾਂ ਨਾਲ, ਪੰਜਾਬੀ ਨਾਵਲ ਦਾ ਮੁੱਢ ਬੱਝਦਾ ਹੈ" ਇਸ ਕਥਨ ਦੀ ਪੁਸ਼ਟੀ ਕਰੋ। 14

8. ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੀ ਵਾਰਤਕ-ਸ਼ੈਲੀ ਦੀਆਂ ਖ਼ੂਬੀਆਂ ਬਿਆਨ ਕਰੋ। 14

## SECTION—B

## ਭਾਗ—B

**9.** ਹੇਠ ਲਿਖੇ ਸੁਆਲਾਂ ਦੇ ਜੁਆਬ ਦਿਉ : 6×5=30

*(a)* ਗੁਰੂ ਗ੍ਰੰਥ ਸਾਹਿਬ ਵਿਚ ਦਰਜ਼, ਬਾਬਾ ਸ਼ੇਖ਼ ਫ਼ਰੀਦ ਜੀ ਦੀ ਬਾਣੀ ਦੇ ਆਪਣੇ ਵਿਸ਼ੇਸ਼ ਮਹੱਤਵ ਨੂੰ, ਚਰਚਾ ਦਾ ਵਿਸ਼ਾ ਬਣਾਉ।

*(b)* ਸਾਈਂ ਬੁੱਲੇ ਸ਼ਾਹ ਦੁਆਰਾ ਰਚਿਤ 'ਕਾਫ਼ੀਆਂ' ਦੇ ਆਧਾਰ 'ਤੇ, ਇਸ ਸੂਫ਼ੀ ਕਵੀ ਦੀਆਂ ਕਾਵਿਕ-ਖ਼ੂਬੀਆਂ ਬਿਆਨ ਕਰੋ।

*(c)* ਜੰਗਨਾਮਾ ਸ਼ਾਹ ਮੁਹੰਮਦ ਨੂੰ, 'ਜੰਗਨਾਮੇ' ਦੇ ਤੌਰ 'ਤੇ ਚਰਚਾ ਦਾ ਵਿਸ਼ਾ ਬਣਾਉ।

*(d)* 'ਨਵਾਂ ਜਹਾਨ' ਕਾਵਿ-ਸੰਗ੍ਰਿਹ ਦੇ ਆਧਾਰ 'ਤੇ, ਧਨੀ ਰਾਮ ਚਾਤ੍ਰਿਕ ਦੀ ਕਾਵਿ-ਕਲਾ ਦੀਆਂ ਵਿਸ਼ੇਸ਼ਤਾਈਆਂ ਬਿਆਨ ਕਰੋ।

*(e)* 'ਮੇਰੀਆਂ ਅਭੁੱਲ ਯਾਦਾਂ' ਪੁਸਤਕ ਨੂੰ, 'ਯਾਦਾਂ' ਦੇ ਸਿਧਾਂਤ ਤੋਂ, ਚਰਚਾ ਦਾ ਵਿਸ਼ਾ ਬਣਾਉ।

**10.** 'ਜਪੁ' ਜੀ ਬਾਣੀ ਵਿਚ, ਕਿਹੜੇ ਪੰਜ ਖੰਡਾਂ ਦਾ ਜ਼ਿਕਰ ਹੈ? ਇਹਨਾਂ ਖੰਡਾਂ ਦੇ ਆਪਣੇ ਵਿਸ਼ੇਸ਼ ਮਹੱਤਵ ਉਪਰ ਚਰਚਾ ਕਰੋ। 14

**11.** 'ਚੰਦਨ ਵਾੜੀ' ਕਾਵਿ-ਸੰਗ੍ਰਹਿ ਦੇ, ਬਿੰਬ-ਵਿਧਾਨ ਉਪਰ ਚਰਚਾ ਕਰੋ। 14

**12.** 'ਇਕ ਮਿਆਨ ਦੋ ਤਲਵਾਰਾਂ' ਨਾਵਲ ਵਿਚੋਂ ਉੱਭਰਣ ਵਾਲੀ ਇਤਿਹਾਸਕ-ਚੇਤਨਾ ਨੂੰ, ਚਰਚਾ ਦਾ ਵਿਸ਼ਾ ਬਣਉ। 14

**13.** ਨਾਟਕ 'ਸੁਲਤਾਨ ਰਜ਼ੀਆ' ਨੂੰ, ਇਤਿਹਾਸਕ-ਨਾਟਕ ਦੇ ਤੌਰ 'ਤੇ ਪਰਖੋ। 14

**14.** ਵਾਰਤਕ-ਪੁਸਤਕ 'ਨਵਾਂ ਸ਼ਿਵਾਲਾ' ਦੇ ਆਧਾਰ 'ਤੇ, ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੇ ਜੀਵਨ-ਦ੍ਰਿਸ਼ਟੀਕੋਣ ਉਪਰ, ਆਪਣੇ ਵਿਚਾਰ ਪਰਗਟ ਕਰੋ। 14

**15.** 'ਪੰਜਾਬੀ ਕਾਵਿ ਸ਼ਿਰੋਮਣੀ' ਆਲੋਚਨਾ-ਪੁਸਤਕ 'ਚੋਂ ਉੱਭਰਣ ਵਾਲ਼ੀ ਕਾਵਿ-ਦ੍ਰਿਸ਼ਟੀ ਦੇ ਮਹੱਤਵ ਉਪਰ, ਆਪਣੇ ਵਿਚਾਰ ਪ੍ਰਗਟ ਕਰੋ। 14

**16.** ਮਾਰਕਸਵਾਦੀ ਪੰਜਾਬੀ ਸਾਹਿਤ - ਆਲੋਚਨਾ ਦੀਆਂ, ਬੁਨਿਆਦੀ ਸੀਮਾਵਾਂ ਅਤੇ ਸੰਭਾਵਨਾਵਾਂ ਨੂੰ, ਚਰਚਾ ਦਾ ਵਿਸ਼ਾ ਬਣਾਉ। 14

★★★